# ਦਫਤਰ ਜ਼ਿਲ੍ਹਾ ਸਮਾਜਿਕ ਨਿਆਂ ਅਤੇ ਅਧਿਕਾਰਤਾ ਅਫਸਰ, ਬਠਿੰਡਾ

ਡਾ: ਬੀ.ਆਰ ਅੰਬੇਦਕਰ ਭਵਨ, ਪਾਵਰ ਹਾਊਸ ਰੋਡ, ਬਠਿੰਡਾ।
Email:twobathinda@gmail.com

Top Priority
Time - 12:00 Am
VENUE - Govt College (Bathinda)

ਵੱਲ:

1. ਸਮੂਹ ਕਾਲਜ/ਵਿਦਿਅਕ ਸੰਸਥਾਵਾਂ, ਜ਼ਿਲ੍ਹਾ ਬਠਿੰਡਾ।
2. ਜ਼ਿਲ੍ਹਾ ਸਿੱਖਿਆ ਅਫਸਰ, ਬਠਿੰਡਾ।

ਪੱਤਰ ਨੰ.: 274 - 275 ਮਿਤੀ: 24/9/26

ਵਿਸ਼ਾ: **ਪੰਜਾਬ PMS-SC ਸਕੀਮ ਤਹਿਤ AY 2026-27 ਸਬੰਧੀ NSP ਪੋਰਟਲ 'ਤੇ ਸਕਾਲਰਸ਼ਿਪ ਦੀ ਕਾਰਵਾਈ ਅਤੇ INOs ਦੇ ਸੈਸ਼ਨ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪੰਜਾਬ PMS-SC ਸਕੀਮ ਤਹਿਤ AY 2026-27 ਲਈ NSP ਪੋਰਟਲ 'ਤੇ ਸਕਾਲਰਸ਼ਿਪ ਸਬੰਧੀ ਲੋੜੀਂਦੀ ਕਾਰਵਾਈ ਕੀਤੀ ਜਾਣੀ ਹੈ। ਇਸ ਸਬੰਧੀ Institute Nodal Officers (INOs) ਨੂੰ ਲੋੜੀਂਦੀਆਂ ਹਦਾਇਤਾਂ ਅਤੇ NSP ਪੋਰਟਲ ਦੀ ਪ੍ਰਕਿਰਿਆ ਬਾਰੇ ਜਾਣੂ ਕਰਵਾਉਣ ਲਈ ਸੈਸ਼ਨ ਸਰਕਾਰੀ ਰਜਿੰਦਰਾ ਕਾਲਜ ਬਠਿੰਡਾ ਵਿਖੇ ਸਮਾਂ 12.00 ਵਜੇ ਮਿਤੀ 25.09.2026 ਨੂੰ ਆਨਲਾਈਨ ਆਯੋਜਿਤ ਕੀਤੀ ਜਾਣੀ ਹੈ।

ਇਸ ਲਈ ਸਮੂਹ ਸਬੰਧਤ ਕਾਲਜਾਂ/ਵਿਦਿਅਕ ਸੰਸਥਾਵਾਂ ਵੱਲੋਂ ਆਪਣੇ ਨਿਯੁਕਤ Institute Nodal Officer (INO) ਨੂੰ ਉਕਤ ਸੈਸ਼ਨ ਵਿੱਚ ਸ਼ਾਮਲ ਹੋਣ ਲਈ ਸੂਚਿਤ ਕੀਤਾ ਜਾਵੇ ਅਤੇ ਇਹ ਯਕੀਨੀ ਬਣਾਇਆ ਜਾਵੇ ਕਿ ਸਕਾਲਰਸ਼ਿਪ ਸਬੰਧੀ ਸਮੁੱਚੀ ਕਾਰਵਾਈ ਸਰਕਾਰ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਨਿਰਧਾਰਤ ਸਮੇਂ ਅੰਦਰ ਮੁਕੰਮਲ ਕੀਤੀ ਜਾਵੇ।

ਇਸ ਤੋਂ ਇਲਾਵਾ ਵਿਦਿਆਰਥੀਆਂ ਦੀਆਂ ਸਕਾਲਰਸ਼ਿਪ ਅਰਜ਼ੀਆਂ ਦੀ ਜਾਂਚ, ਤਸਦੀਕ ਅਤੇ NSP ਪੋਰਟਲ 'ਤੇ ਲੋੜੀਂਦੀ ਕਾਰਵਾਈ ਸਮੇਂ ਸਿਰ ਕਰਨੀ ਯਕੀਨੀ ਬਣਾਈ ਜਾਵੇ, ਤਾਂ ਜੋ ਕਿਸੇ ਵੀ ਵਿਦਿਆਰਥੀ ਨੂੰ ਸਕਾਲਰਸ਼ਿਪ ਪ੍ਰਾਪਤ ਕਰਨ ਵਿੱਚ ਕੋਈ ਮੁਸ਼ਕਲ ਪੇਸ਼ ਨਾ ਆਵੇ।

ਇਸ ਲਈ ਆਪ ਜੀ ਨੂੰ ਬੇਨਤੀ ਹੈ ਕਿ ਉਕਤ ਹਦਾਇਤਾਂ ਦੀ ਸਖ਼ਤੀ ਨਾਲ ਪਾਲਣਾ ਯਕੀਨੀ ਬਣਾਈ ਜਾਵੇ।

ਜ਼ਿਲ੍ਹਾ ਨੋਡਲ ਅਫਸਰ
ਪੋਸਟ ਮੈਟ੍ਰਿਕ ਸਕਾਲਰਸ਼ਿਪ (PMS-SC)
ਬਠਿੰਡਾ।

ਪਿੱਠ ਅੰਕਣ 276 ਮਿਤੀ 24/9/26

ਉਤਾਰਾ: ਡਾਇਰੈਕਟਰ, ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ, ਪੰਜਾਬ, ਚੰਡੀਗੜ੍ਹ ਨੂੰ ਸੂਚਨਾ ਅਤੇ ਵਿਚਾਰਨ ਹਿੱਤ ਭੇਜਿਆ ਜਾਂਦਾ ਹੈ।

ਜ਼ਿਲ੍ਹਾ ਨੋਡਲ ਅਫਸਰ
ਪੋਸਟ ਮੈਟ੍ਰਿਕ ਸਕਾਲਰਸ਼ਿਪ (PMS-SC)
ਬਠਿੰਡਾ।

ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ:ਸਿ) ਬਠਿੰਡਾ

ਪਿੱਠ ਅੰਕਣ ਨੰ: ਬੀ-5/10/2026/425 ਮਿਤੀ: 24-09-26

ਉਪਰੋਕਤ ਦਾ ਉਤਾਰਾ ਸੀਨੀ.ਸੈਕੰਡਰੀ ਸਕੂਲ ਮੁੱਖੀਆਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਵਿੱਚ ਦਰਜ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ। ਪੋਸਟ-ਮੈਟ੍ਰਿਕ ਫਾਰ ਐਸ.ਸੀ/ਓ.ਬੀ.ਸੀ ਨਾਲ ਸਬੰਧਤ ਟ੍ਰੇਨਿੰਗ ਸਰ: ਰਜਿੰਦਰਾ ਕਾਲਜ ਬਠਿੰਡਾ ਵਿਖੇ ਸਮਾਂ 12:00 ਵਜੇ ਮਿਤੀ 25.09.26 ਨੂੰ ਆਫਲਾਈਨ ਮੀਟਿੰਗ ਆਯੋਜਿਤ ਕੀਤੀ ਜਾਣੀ ਹੈ ਜਿਸ ਵਿੱਚ ਪੋਸਟ ਮੈਟ੍ਰਿਕ ਨੋਡਲ ਅਫਸਰ ਆਪਣੀ ਹਾਜ਼ਰੀ ਯਕੀਨੀ ਬਣਾਉਣਗੇ

24/09/26

ਉਪ ਜ਼ਿਲ੍ਹਾ ਸਿੱਖਿਆ ਅਫਸਰ (ਸੈ)
ਬਠਿੰਡਾ
24/09/26

Scanned with CamScanner

# ਦਫਤਰ ਜਿਲ੍ਹਾ ਸਮਾਜਿਕ ਨਿਆਂ ਅਤੇ ਅਧਿਕਾਰਤਾ ਅਫਸਰ, ਬਠਿੰਡਾ

ਡਾ: ਬੀ.ਆਰ ਅੰਬੇਦਕਰ ਭਵਨ, ਪਾਵਰ ਹਾਊਸ ਰੋਡ, ਬਠਿੰਡਾ।
Email:twobathinda@gmail.com

---

ਵੱਲ:

ਪ੍ਰਿੰਸੀਪਲ,
ਸਰਕਾਰੀ ਰਜਿੰਦਰਾ ਕਾਲਜ,
ਬਠਿੰਡਾ।

ਪੱਤਰ ਨੰ.: 277 ਮਿਤੀ: 24/9/26

ਵਿਸ਼ਾ: ਪੰਜਾਬ PMS-SC ਸਕੀਮ ਤਹਿਤ AY 2026-27 ਸਬੰਧੀ NSP ਸੈਸ਼ਨ ਦੇ ਆਯੋਜਨ ਲਈ ਲੋੜੀਂਦੇ ਪ੍ਰਬੰਧ ਕਰਨ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪੰਜਾਬ PMS-SC ਸਕੀਮ ਤਹਿਤ AY 2026-27 ਲਈ NSP ਪੋਰਟਲ ਸਬੰਧੀ Institute Nodal Officers (INOs) ਨੂੰ ਲੋੜੀਂਦੀਆਂ ਹਦਾਇਤਾਂ ਅਤੇ ਪ੍ਰਕਿਰਿਆ ਬਾਰੇ ਜਾਣੂ ਕਰਵਾਉਣ ਲਈ ਸੈਸ਼ਨ ਆਯੋਜਿਤ ਕੀਤਾ ਜਾਣਾ ਹੈ।

ਇਸ ਸਬੰਧੀ ਆਪ ਜੀ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਸਰਕਾਰੀ ਰਜਿੰਦਰਾ ਕਾਲਜ, ਬਠਿੰਡਾ ਵਿਖੇ ਮਿਤੀ 25.09.2026 ਨੂੰ ਦੁਪਹਿਰ 12:00 ਵਜੇ ਤੋਂ 2:00 ਵਜੇ ਤੱਕ ਉਕਤ NSP ਸੈਸ਼ਨ ਦੇ ਆਯੋਜਨ ਲਈ ਲੋੜੀਂਦੇ ਪ੍ਰਬੰਧ ਸਮੇਂ ਸਿਰ ਯਕੀਨੀ ਬਣਾਏ ਜਾਣ।

ਸੈਸ਼ਨ ਲਈ ਢੁਕਵੇਂ ਸਥਾਨ, ਬੈਠਣ ਦੀ ਵਿਵਸਥਾ, ਪੀਣ ਵਾਲੇ ਪਾਣੀ ਅਤੇ ਹੋਰ ਲੋੜੀਂਦੀਆਂ ਮੁੱਢਲੀਆਂ ਸਹੂਲਤਾਂ ਦਾ ਪ੍ਰਬੰਧ ਕੀਤਾ ਜਾਵੇ, ਤਾਂ ਜੋ ਸੈਸ਼ਨ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਿਆ ਜਾ ਸਕੇ।

ਇਸ ਲਈ ਆਪ ਜੀ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਕਤ ਸੈਸ਼ਨ ਸਬੰਧੀ ਸਾਰੇ ਲੋੜੀਂਦੇ ਪ੍ਰਬੰਧ ਸਮੇਂ ਸਿਰ ਮੁਕੰਮਲ ਕਰਨਾ ਯਕੀਨੀ ਬਣਾਇਆ ਜਾਵੇ।

ਜ਼ਿਲ੍ਹਾ ਨੋਡਲ ਅਫਸਰ
ਪੋਸਟ ਮੈਟ੍ਰਿਕ ਸਕਾਲਰਸ਼ਿਪ (PMS-SC)
ਬਠਿੰਡਾ।

ਪਿੱਠ ਅੰਕਣ ਨੰ. 278 ਮਿਤੀ: 24/9/26

ਉਤਾਰਾ: ਡਾਇਰੈਕਟਰ, ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ, ਪੰਜਾਬ, ਚੰਡੀਗੜ੍ਹ ਨੂੰ ਸੂਚਨਾ ਅਤੇ ਰਿਕਾਰਡ ਹਿੱਤ ਭੇਜਿਆ ਜਾਂਦਾ ਹੈ।

ਜ਼ਿਲ੍ਹਾ ਨੋਡਲ ਅਫਸਰ
ਪੋਸਟ ਮੈਟ੍ਰਿਕ ਸਕਾਲਰਸ਼ਿਪ (PMS-SC)
ਬਠਿੰਡਾ।

Scanned with CamScanner